**ਦਫਤਰ ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ, ਐਸ.ਏ.ਐਸ. ਨਗਰ।**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ।

ਸਮੂਹ ਪ੍ਰਿੰਸੀਪਲ, ਡਾਇਟਸ, ਪੰਜਾਬ।

ਸਮੂਹ ਸਕੂਲ ਮੁੱਖੀ, ਪੰਜਾਬ (ਵੈਬਸਾਇਟ ਰਾਹੀਂ)।

ਮੀਮੋ ਨੰ: 1/10-SSS-2017,

ਮਿਤੀ:ਚੰਡੀਗੜ੍ਹ 29.8.2017

**ਵਿਸ਼ਾ:- B.Ed/E.T.T.(D.El.Ed.) ਦੀ ਟ੍ਰੇਨਿੰਗ ਲਈ ਸਕੂਲਾਂ ਵਿੱਚ ਲਗਾਈ ਜਾਂਦੀ ਟੀਚਿੰਗ ਪ੍ਰੈਕਟਿਸ ਸਬੰਧੀ।**

ਇਹ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ **B.Ed/E.T.T.(D.El.Ed.)** ਦੀਆਂ ਟ੍ਰੇਨਿੰਗ ਸੰਸਥਾਵਾਂ ਵਿਸ਼ੇਸ਼ਕਰ ਪ੍ਰਾਈਵੇਟ ਕਾਲਜਾਂ ਵੱਲੋਂ ਆਪਣੇ ਸਿੱਖਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਦੇਣ ਲਈ ਵੱਖ ਵੱਖ ਸਕੂਲ ਅਲਾਟ ਕੀਤੇ ਜਾਂਦੇ ਹਨ। ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਸਕੂਲਾਂ ਦੀ ਅਲਾਟਮੈਂਟ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਦੀ ਪ੍ਰਵਾਨਗੀ ਨਾਲ ਹੁੰਦੀ ਹੈ ਪਰੰਤੂ ਇਸ ਦੇ ਵਿੱਚ ਕੋਈ ਵੀ ਤਰਕ-ਸੰਗਤਾ ਨਹੀਂ ਹੁੰਦੀ। ਕਈ ਸਕੂਲਾਂ ਦੇ ਵਿੱਚ 5 ਤੋਂ 10 ਸਿੱਖਿਆਰਥੀ ਭੇਜ ਦਿੱਤੇ ਜਾਂਦੇ ਹਨ ਜਦੋਂ ਕਿ ਸਬੰਧਤ ਸਕੂਲਾਂ ਦੇ ਵਿੱਚ ਨਾ ਤਾਂ ਇਹਨਾਂ ਸਿੱਖਿਆਰਥੀਆਂ ਦੀ ਲੋੜ ਹੁੰਦੀ ਹੈ ਅਤੇ ਨਾ ਹੀ ਇਹਨਾਂ ਨੂੰ ਬਿਠਾਉਣ ਲਈ ਜਗ੍ਹਾ ਹੁੰਦੀ ਹੈ। ਵੇਖਣ ਵਿੱਚ ਆਇਆ ਹੈ ਕਿ ਇਹਨਾਂ ਸਿੱਖਿਆਰਥੀਆਂ ਨੂੰ ਅਲਾਟ ਕੀਤੇ ਗਏ ਸਕੂਲ ਸਿੱਖਿਆਰਥੀਆਂ ਦੀ ਸੁਵਿਧਾ ਅਨੁਸਾਰ ਉਹਨਾਂ ਦੇ ਕਾਲਜਾਂ ਜਾਂ ਸ਼ਹਿਰਾਂ ਦੇ ਨੇੜੇ ਹੁੰਦੇ ਹਨ। ਇਹਨਾਂ ਸਕੂਲਾਂ ਦੇ ਵਿੱਚ ਲਗਾਈ ਜਾਣ ਵਾਲੀ ਟ੍ਰੇਨਿੰਗ ਸਿਰਫ ਸਬੰਧਤ **B.Ed/E.T.T.(D.El.Ed.)** ਕਾਲਜਾਂ ਦੀ ਸੁਵਿਧਾ ਨੂੰ ਧਿਆਨ ਵਿੱਚ ਰੱਖਦੇ ਹੋਏ

ਲਗਾਈ ਜਾਂਦੀ ਹੈ। ਇਸ ਦੇ ਨਾਲ ਸਿੱਖਿਆ ਵਿਭਾਗ ਨੂੰ ਕੋਈ ਫਾਇਦਾ ਨਹੀਂ ਹੁੰਦਾ, ਸਗੋਂ ਇਸ ਦੇ ਨਾਲ ਨੁਕਸਾਨ ਹੁੰਦਾ ਹੈ ਕਿਉਂਕਿ ਸਕੂਲ ਦੇ ਅੰਦਰ ਜਿਆਦਾ ਸਿੱਖਿਆਰਥੀ ਭੇਜਣ ਕਾਰਨ ਅਧਿਆਪਕ ਆਪਣੇ ਨਿਸਚਿਤ ਕੀਤੇ ਗਏ ਪੀਰੀਅਡ ਵੀ ਨਹੀਂ ਲੈ ਪਾਉਂਦੇ। ਇਸ ਸਾਰੇ ਮੁੱਦੇ ਨੂੰ ਵਿਚਾਰਨ ਉਪਰੰਤ ਹੇਠ ਅਨੁਸਾਰ ਹਦਾਇਤਾਂ ਕੀਤੀਆਂ ਜਾਂਦੀਆਂ ਹਨ:-

(1) ਕੋਈ ਵੀ ਟ੍ਰੇਨਿੰਗ ਕਾਲਜ ਆਪਣੇ ਪੱਧਰ ਤੇ ਕਿਸੇ ਵੀ ਸਕੂਲ ਦੇ ਵਿੱਚ ਸਿੱਖਿਆਰਥੀਆਂ ਨੂੰ **B.Ed/E.T.T.(D.El.Ed.)** ਦੀ ਟੀਚਿੰਗ ਪ੍ਰੈਕਟਿਸ ਲਈ ਨਹੀਂ ਭੇਜਣਗੇ। ਸਬੰਧਤ ਟ੍ਰੇਨਿੰਗ ਕਾਲਜ ਇਸ ਲਈ ਸਬੰਧਿਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ ਨਾਲ ਸੰਪਰਕ ਕਰਨਗੇ। ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) **B.Ed** ਦੀ ਟੀਚਿੰਗ ਟ੍ਰੇਨਿੰਗ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ) **E.T.T.(D.El.Ed.)** ਦੀ ਟੀਚਿੰਗ ਟ੍ਰੇਨਿੰਗ ਸਬੰਧੀ ਸਕੂਲ ਅਲਾਟ ਕਰਨ ਲਈ ਸਮਰੱਥ ਅਧਿਕਾਰੀ ਹੋਣਗੇ।

(2) ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਲੋੜਵੰਦ ਸਕੂਲਾਂ ਦੇ ਵਿੱਚ ਹੀ ਅਤੇ ਸਿਰਫ ਉਨੀ ਹੀ ਗਿਣਤੀ ਵਿੱਚ ਸਿੱਖਿਆਰਥੀਆਂ ਨੂੰ ਭੇਜੇਗਾ, ਜਿੱਥੇ ਜਿੰਨੀ ਗਿਣਤੀ ਵਿੱਚ ਅਧਿਆਪਕਾਂ ਦੀ ਲੋੜ ਹੋਵੇ। ਉਦਾਹਰਣ ਦੇ ਤੌਰ ਤੇ ਜੇ ਕਿਸੇ ਸਕੂਲ ਵਿੱਚ ਦੋ ਅਧਿਆਪਕਾਂ ਦੀ ਕਮੀ ਹੋਵੇ ਤਾਂ ਵੱਧ ਤੋਂ ਵੱਧ ਦੋ ਸਿੱਖਿਆਰਥੀਆਂ ਨੂੰ ਹੀ ਉਸ ਸਕੂਲ ਵਿੱਚ ਭੇਜਿਆ ਜਾ ਸਕੇਗਾ। ਇਸ ਲਈ ਸਿੱਖਿਆਰਥੀ ਦਵਾਰਾ ਪੜ੍ਹਾਇਆ ਜਾਣ ਵਾਲਾ ਵਿਸ਼ਾ ਅਤੇ ਸਕੂਲ ਵਿੱਚ ਉਸੇ ਵਿਸ਼ੇ ਦੀ ਖਾਲੀ ਪੋਸਟ ਨੂੰ ਧਿਆਨ ਵਿੱਚ ਰੱਖਿਆ ਜਾਵੇ।

(3) ਸਕੂਲ ਮੁੱਖੀਆਂ ਦੁਆਰਾ ਇਹਨਾਂ ਸਿੱਖਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਕੰਮ ਦਿੱਤਾ ਜਾਵੇਗਾ ਅਤੇ ਦਿੱਤਾ ਗਿਆ ਕੰਮ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਸਿਲੇਬਸ ਦੇ ਮੁਤਾਬਿਕ ਹੀ ਹੋਣਾ ਚਾਹੀਦਾ ਹੈ। ਜਦੋਂ ਟੀਚਿੰਗ ਪ੍ਰੈਕਟਿਸ ਖਤਮ ਹੋ ਜਾਵੇ, ਉਦੋਂ ਸਿੱਖਿਆਰਥੀਆਂ ਦੁਆਰਾ ਪੜ੍ਹਾਈ ਗਈ ਕਲਾਸ ਦਾ ਇੱਕ ਟੈਸਟ ਲਿਆ ਜਾਣਾ ਲਾਜ਼ਮੀ ਕੀਤਾ ਜਾਵੇ ਅਤੇ ਉਸ ਟੈਸਟ ਵਿੱਚ ਵਿਦਿਆਰਥੀਆਂ ਦੁਆਰਾ ਪ੍ਰਾਪਤ ਕੀਤੇ ਲੈਵਲ ਦੇ ਮੁਤਾਬਿਕ ਹੀ ਸਿੱਖਿਆਰਥੀਆਂ ਦੀ ਅਸੈੱਸਮੈਂਟ ਦਿੱਤੀ ਜਾਣੀ ਯਕੀਨੀ ਬਣਾਈ ਜਾਵੇ।

(4) ਜੇਕਰ ਕਿਸੇ ਜ਼ਿਲ੍ਹੇ ਵਿੱਚ ਸਕੂਲਾਂ ਦੀ ਲੋੜ ਤੋਂ ਵੱਧ ਸਿੱਖਿਆਰਥੀਆਂ ਨੂੰ ਸਕੂਲ ਅਲਾਟ ਕੀਤੇ ਗਏ ਹਨ ਤਾਂ ਉਹਨਾਂ ਦੀ ਰੀ-ਡਿਸਟ੍ਰੀਬਿਊਸ਼ਨ ਉਕਤ ਹਦਾਇਤਾਂ ਮੁਤਾਬਕ ਤੁਰੰਤ ਪ੍ਰਭਾਵ ਨਾਲ ਕੀਤੀ ਜਾਵੇ।

(5) ਸਕੂਲ ਸਿੱਖਿਆ ਸੁਧਾਰ ਕਮੇਟੀਆਂ ਜਦੋਂ ਵੀ ਸਕੂਲਾਂ ਦੀ ਅਚਨਚੇਤ ਜਾਂ ਰੈਗੂਲਰ ਨਿਰੀਖਣ ਕਰਦੀਆਂ ਹਨ, ਤਾਂ ਇਹਨਾਂ ਸਿੱਖਿਆਰਥੀਆਂ ਬਾਰੇ ਵਿਸ਼ੇਸ਼ ਤੌਰ ਤੇ ਨਿਰੀਖਣ ਕਰਕੇ ਰਿਪੋਰਟ ਕਰਨ।

(6) *'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ'* ਦੇ ਡੀ.ਐਮ.ਟੀ./ਬੀ.ਐਮ.ਟੀ. ਜਾਂ ਸੀ.ਐਮ.ਟੀ. ਵੱਲੋਂ ਸਕੂਲਾਂ ਦੇ ਦੌਰੇ ਦੌਰਾਨ ਸਿੱਖਿਆਰਥੀਆਂ ਨੂੰ ਵੀ ਆਪਣੇ ਪ੍ਰੋਗਰਾਮ ਦੇ ਨਾਲ ਜੋੜਿਆ ਜਾਵੇ ਅਤੇ ਯਕੀਨੀ ਬਣਾਇਆ ਜਾਵੇ ਕਿ ਦਿੱਤੀਆਂ ਗਈਆਂ ਹਦਾਇਤਾਂ ਮੁਤਾਬਕ ਹੀ ਕੰਮ ਕੀਤਾ ਜਾ ਰਿਹਾ ਹੈ।

ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ, 29/8/17
ਐਸ.ਸੀ.ਈ.ਆਰ.ਟੀ.,
ਐਸ.ਏ.ਐਸ.ਨਗਰ।

ਉਤਾਰਾ:

1. ਡੀ.ਜੀ.ਐਸ.ਈ., ਪੰਜਾਬ।
2. ਡੀ.ਪੀ.ਆਈ. (ਸੈ.ਸਿ./ਐ.ਸਿ.), ਪੰਜਾਬ।
3. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ (ਲੋੜੀਂਦੀ ਯੋਗ ਕਾਰਵਾਈ ਹਿੱਤ)।

ਡਾਇਰੈਕਟਰ, 29/8/17
ਐਸ.ਸੀ.ਈ.ਆਰ.ਟੀ.,
ਐਸ.ਏ.ਐਸ.ਨਗਰ।